بِسۡمِ اللّٰہِ الرَّحۡمٰنِ الرَّحِیۡمِ   نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ   وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਮੌਜੂਦਾ ਹਾਲਾਤਾਂ ਦੇ ਪੇਸ਼ਿ ਨਜ਼ਰ ਦੁਆਵਾਂ ਕਰਨ ਅਤੇ ਰਾਸ਼ਨ ਜਮ੍ਹਾ ਕਰਨ ਦੀ ਯਾਦ ਦਿਹਾਨੀ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 11 ਜੁਲਾਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਜਿਵੇਂ ਕਿ ਪਿਛਲੇ ਖ਼ੁਤਬੇ ਵਿੱਚ ਬਿਆਨ ਹੋਇਆ ਸੀ ਕਿ ਕਾਅਬੇ ਦੀ ਕੁੰਜੀ ਉਸਮਾਨ ਬਿਨ ਤਲਹਾ ਰਜ਼ਿ ਅੱਲਾਹੁ ਅਨਹੁ ਦੇ ਕੋਲ ਸੀ। ਜਦ **ਫ਼ਤਹਿ ਮੱਕਾ** ਹੋਈ ਤਾਂ ਉਸ ਵੇਲੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੇ **ਸਿਕ਼ਾਯਾ** ਯਾਨੀ ਪਾਣੀ ਪਿਆਉਣ ਦੇ ਸਨਮਾਨ ਦੇ ਨਾਲ **ਕਲੀਦ ਬਰਦਾਰੀ** ਦਾ ਸਨਮਾਨ ਵੀ ਹਾਸਿਲ ਕਰਨ ਦੀ ਦਰਖ਼ਾਸਤ ਕੀਤੀ ਯਾਨੀ ਕਿ ਚਾਬੀ ਉਨ੍ਹਾਂ ਨੂੰ ਦੇ ਦਿੱਤੀ ਜਾਵੇ। ਪਰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਾਅਬੇ 'ਚੋਂ ਨਿਕਲਦੇ ਹੋਏ ਉਸਮਾਨ ਬਿਨ ਤਲਹਾ ਰਜ਼ਿ ਅੱਲਾਹੁ ਅਨਹੁ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਚਾਬੀ ਵਾਪਸ ਕਰਦੇ ਹੋਏ ਫ਼ਰਮਾਇਆ اَلْيَوْمُ يَوْمُ الْبِرِّ وَوَفَاءٍ ਕਿ ਅੱਜ **ਨੇਕੀ** ਅਤੇ **ਵਾਅਦੇ ਨਿਭਾਉਣ** ਦਾ ਦਿਨ ਹੈ। ਉਸ ਵੇਲੇ ਉਸਮਾਨ ਬਿਨ ਤਲਹਾ ਰਜ਼ਿ ਅੱਲਾਹੁ ਅਨਹੁ ਮੁਸਲਮਾਨ ਹੋ ਚੁੱਕੇ ਸਨ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਿਉਂ ਇਹ ਕਿਹਾ ਇਸ ਦੀ ਤਫ਼ਸੀਲ ਇਸ ਤਰ੍ਹਾਂ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਹਿਜਰਤ** ਤੋਂ ਪਹਿਲਾਂ ਇੱਕ ਵਾਰ ਉਸਮਾਨ ਬਿਨ ਤਲਾਹ ਕੋਲੋਂ ਕਾਅਬੇ ਦੀ ਚਾਬੀ ਮੰਗੀ ਸੀ ਤਾਂ ਉਨ੍ਹਾਂ ਨੇ ਜਵਾਬ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਬੁਰਾ ਭਲਾ ਕਿਹਾ ਅਤੇ ਨਿਹਾਇਤ **ਗੰਦੀ ਜ਼ੁਬਾਨ** ਇਸਤੇਮਾਲ ਕੀਤੀ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਵੇਲੇ ਨਿਹਾਇਤ ਸਬਰ ਨਾਲ ਕੰਮ ਲਿਆ ਅਤੇ ਫ਼ਰਮਾਇਆ ਕਿ ਐ ਉਸਮਾਨ! ਯਾਦ ਰੱਖ ਕਿ ਇਹ ਚਾਬੀ ਕਿਸੇ ਨਾ ਕਿਸੇ ਦਿਨ ਮੇਰੇ ਹੱਥ ਵਿੱਚ ਆਵੇਗੀ ਅਤੇ ਮੈਂ ਇਸ ਨੂੰ ਆਪਣੀ ਮਰਜ਼ੀ ਨਾਲ ਜਿਸ ਨੂੰ ਚਾਹਾਂਗਾ, ਦਵਾਂਗਾ। ਉਸਮਾਨ ਨੇ ਤਾਂ ਉਸ ਵੇਲੇ ਇੰਝ ਜਵਾਬ ਦਿੱਤਾ ਕਿ ਜੇਕਰ ਅਜਿਹਾ ਵਕ਼ਤ ਆਇਆ ਤਾਂ ਉਹ ਕ਼ੁਰੈਸ਼ ਦੀ ਹਲਾਕਤ ਅਤੇ ਜ਼ਿੱਲਤ ਦਾ ਵਕ਼ਤ ਹੋਵੇਗਾ। ਇਸ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅਜਿਹਾ ਨਹੀਂ, ਬਲਕਿ ਉਸ ਵੇਲੇ ਤਾਂ ਕ਼ੁਰੈਸ਼ ਦੀ **ਆਬਾਦੀ** ਅਤੇ **ਇੱਜ਼ਤ** ਹੋਵੇਗੀ। ਇਹ ਸਾਰੀਆਂ **ਜ਼ਿਆਦਤੀਆਂ** ਜਿਹੜੀਆਂ ਉਸ ਵੇਲੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ ਕੀਤੀਆਂ ਗਈਆਂ ਸਨ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਯਾਦ ਸਨ ਪਰ ਬਾਵਜੂਦ ਇਸਦੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਲੋਕਾਂ 'ਤੇ **ਰਹਿਮਤ** ਅਤੇ **ਨਰਮੀ** ਕੀਤੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਕਿਹਾ ਕਿ ਇਹ ਚਾਬੀ ਹਮੇਸ਼ਾ ਦੇ ਲਈ ਲੈ ਲੈ। ਤੇਰੇ ਕੋਲੋਂ ਸਿਰਫ਼ **ਜ਼ਾਲਿਮ** ਹੀ ਇਸ ਨੂੰ ਖੋਹੇਗਾ। ਹੁਣ ਇਹ ਤੇਰੇ ਖ਼ਾਨਦਾਨ ਵਿੱਚ ਰਹੇਗੀ। ਫਲਸਰੂਪ ਅੱਜ ਤੱਕ ਖ਼ਾਨਿ ਕਾਅਬਾ ਦੀ ਚਾਬੀ ਇਸੇ ਖ਼ਾਨਦਾਨ ਵਿੱਚ **ਨਸਲ ਦਰ ਨਸਲ** ਚੱਲੀ ਆ ਰਹੀ ਹੈ।

ਰਿਵਾਇਤ ਹੈ ਕਿ ਫ਼ਤਹਿ ਮੱਕਾ ਦੇ ਦੂਸਰੇ ਦਿਨ ਬਨੂ ਖ਼ੁਜ਼ਾਆ ਨੇ ਬਨੂ ਬਦੀਲ ਦੇ ਇੱਕ ਮੁਸ਼ਰਿਕ ਆਦਮੀ ਨੂੰ ਕ਼ਤਲ ਕਰ ਦਿੱਤਾ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਜ਼ੁਹਰ ਦੇ ਬਾਅਦ ਖ਼ੁਤਬਾ ਦੇਣ ਦੇ ਲਈ ਖੜ੍ਹੇ ਹੋਏ। ਆਪ ਸੱਲ-

ਲੱਲਾਹੁ ਅਲੈਹਿ-ਵਸੱਲਮ ਨੇ ਅੱਲਾਹ ਤਆਲਾ ਦੀ **ਉਸਤੁਤਿ** ਬਿਆਨ ਕੀਤੀ ਅਤੇ ਫ਼ਰਮਾਇਆ ਐ ਲੋਕੋ! ਅੱਲਾਹ ਤਆਲਾ ਨੇ ਮੱਕੇ ਨੂੰ ਉਸ ਦਿਨ ਤੋਂ **ਹਰਮ** ਬਣਾਇਆ ਹੈ ਜਿਸ ਦਿਨ ਉਸਨੇ **ਆਸਮਾਨ ਅਤੇ ਜ਼ਮੀਨ** ਨੂੰ ਸਾਜਿਆ ਸੀ ਅਤੇ ਜਿਸ ਦਿਨ ਉਸਨੇ **ਸੂਰਜ ਅਤੇ ਚੰਨ** ਨੂੰ ਬਣਾਇਆ ਅਤੇ ਇਹ ਦੋ ਪਹਾੜ **ਸਫ਼ਾ ਅਤੇ ਮਰਵਾ** ਬਣਾਏ ਸਨ। ਇਸ ਨੂੰ ਲੋਕਾਂ ਨੇ ਹਰਮ ਨਹੀਂ ਬਣਾਇਆ ਬਲਕਿ ਅੱਲਾਹ ਤਆਲਾ ਨੇ ਬਣਾਇਆ ਹੈ। ਇਹ ਕ਼ਿਆਮਤ ਦੇ ਦਿਨ ਤੱਕ ਹਰਮ ਹੈ। ਬਸ ਜਿਹੜਾ ਸ਼ਖ਼ਸ ਅੱਲਾਹ ਤਆਲਾ 'ਤੇ ਅਤੇ ਆਖ਼ਿਰਤ ਦੇ ਦਿਨ 'ਤੇ ਇਮਾਨ ਰੱਖਦਾ ਹੋਵੇ ਉਸ ਦੇ ਲਈ **ਹਲਾਲ ਨਹੀਂ** ਕਿ ਉਹ ਇਸ ਵਿੱਚ **ਖ਼ੂਨ ਵਹਾਏ** ਅਤੇ ਨਾ ਇਸ ਦਾ **ਦਰਖ਼ਤ ਕੱਟੇ**। ਇਹ ਨਾ ਮੇਰੇ ਤੋਂ ਪਹਿਲਾਂ ਕਿਸੇ ਲਈ ਹਲਾਲ ਹੋਇਆ ਹੈ ਅਤੇ ਨਾ ਮੇਰੇ ਬਾਅਦ ਕਿਸੇ ਲਈ ਹਲਾਲ ਹੋਵੇਗਾ। ਮੇਰੇ ਲਈ ਘੜੀ ਭਰ ਦੇ ਲਈ ਹਲਾਲ ਹੋਇਆ ਸੀ ਫਿਰ ਉਸ ਦੀ ਹੁਰਮਤ ਉਸੇ ਤਰ੍ਹਾਂ ਪਰਤ ਆਈ ਜਿਸ ਤਰ੍ਹਾਂ ਕੱਲ ਸੀ। ਤੁਹਾਡੇ ਵਿੱਚੋਂ ਜਿਹੜੇ ਹਾਜ਼ਿਰ ਹਨ ਉਹ ਗ਼ਾਇਬ ਤੱਕ ਪਹੁੰਚਾ ਦੇਣ। ਜਿਹੜਾ ਤੁਹਾਨੂੰ ਕਹੇ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਵਿੱਚ ਜੰਗ ਕੀਤੀ ਸੀ ਤਾਂ ਉਸਨੂੰ ਕਹੋ ਕਿ ਅੱਲਾਹ ਤਆਲਾ ਨੇ ਇਸ ਨੂੰ ਆਪਣੇ ਰਸੂਲ ਦੇ ਲਈ ਹਲਾਲ ਕੀਤਾ ਸੀ ਅਤੇ ਉਸ ਨੇ ਤੁਹਾਡੇ ਲਈ ਹਲਾਲ ਨਹੀਂ ਕੀਤਾ। ਐ ਲੋਕੋ! ਲੋਕਾਂ ਵਿੱਚੋਂ ਅੱਲਾਹ ਤਆਲਾ 'ਤੇ ਸਭ ਤੋਂ ਜ਼ਿਆਦਾ ਜ਼ੁਰਤ ਕਰਨ ਵਾਲ਼ਾ ਉਹ ਸ਼ਖ਼ਸ ਹੈ ਜਿਸਨੇ ਹਰਮ ਵਿੱਚ ਕ਼ਤਲ ਕੀਤਾ ਜਾਂ ਆਪਣੇ ਕ਼ਾਤਿਲ ਦੇ ਇਲਾਵਾ ਕਿਸੇ ਹੋਰ ਨੂੰ ਕ਼ਤਲ ਕੀਤਾ ਜਾਂ ਜ਼ਮਾਨਾ ਜਾਹੀਲੀਅਤ ਦੇ ਖ਼ੂਨ ਦੇ ਬਦਲੇ ਦੀ ਵਜ੍ਹਾ ਨਾਲ਼ ਕ਼ਤਲ ਕੀਤਾ। ਐ ਬਨੂ ਖ਼ੁਜ਼ਾਆ! ਕ਼ਤਲ ਤੋਂ ਹੱਥ ਰੋਕ ਲਵੋ, ਤੁਸੀਂ ਇੱਕ ਸ਼ਖ਼ਸ ਨੂੰ ਕ਼ਤਲ ਕੀਤਾ ਹੈ। ਮੈਂ ਇਸ ਦਾ ਮੁਆਵਜ਼ਾ ਅਦਾ ਕਰਾਂਗਾ। ਜਿਹੜਾ ਮੇਰੀ ਜ਼ਮਾਨਤ ਦੇ ਬਾਅਦ ਕਿਸੇ ਨੂੰ ਕ਼ਤਲ ਕਰੇਗਾ ਤਾਂ ਉਸ ਦੇ ਘਰ ਵਾਲ਼ਿਆਂ ਨੂੰ ਦੋ ਇਖ਼ਤਿਆਰ ਹੋਣਗੇ ਕਿ ਜੇਕਰ ਉਹ ਚਾਹੁਣ ਤਾਂ ਮੁਆਵਜ਼ਾ ਲੈ ਲੈਣ ਅਤੇ ਜੇਕਰ ਉਹ ਚਾਹੁਣ ਤਾਂ ਉਸਨੂੰ ਕ਼ਤਲ ਕਰ ਦੇਣ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਸ਼ਖ਼ਸ ਦਾ ਮੁਆਵਜ਼ਾ ਸੌ (100) ਊਠ ਦੇ ਦਿੱਤਾ, ਜਿਸ ਨੂੰ ਬਨੂ ਖ਼ੁਜ਼ਾਆ ਨੇ ਕ਼ਤਲ ਕੀਤਾ ਸੀ, ਉਨ੍ਹਾਂ ਵੱਲੋਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੁਆਵਜ਼ਾ ਦਿੱਤਾ।

ਉਨ੍ਹਾਂ ਦਿਨਾਂ ਵਿੱਚ ਫ਼ੁਜ਼ਾਲਾ ਬਿਨ ਉਮੈਰ ਰਜ਼ਿ ਅੱਲਾਹੁ ਅਨਹੁ ਦਾ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕ਼ਤਲ ਕਰਨ ਦਾ ਨਾਪਾਕ ਮਨਸੂਬਾ ਵੀ ਜ਼ਾਹਿਰ ਹੋਇਆ। ਉਹ ਕਹਿੰਦੇ ਹਨ ਕਿ ਜਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਖ਼ਾਨਿ ਕਾਅਬਾ ਦੇ ਵੱਲ ਤਵਾਫ਼ ਕਰ ਰਹੇ ਸਨ ਤਾਂ ਮੈਂ ਵੀ ਉਸ ਭੀੜ ਵਿੱਚ ਖੰਜਰ ਨਾਲ਼ ਵਾਰ ਕਰਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਨਊਜ਼ੁ ਬਿੱਲਾਹ نعوذباللہ ਕ਼ਤਲ ਕਰਨ ਦੇ ਇਰਾਦੇ ਨਾਲ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪਿੱਛੇ ਪਿੱਛੇ ਹੋ ਪਿਆ। ਜਿਵੇਂ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਰੀਬ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਦੇਖ ਕੇ ਫ਼ਰਮਾਇਆ ਕਿ ਤੂੰ ਫ਼ੁਜ਼ਾਲਾ ਹੈਂ? ਉਸਨੇ ਕਿਹਾ ਜੀ ਹਾਂ। ਫ਼ਰਮਾਇਆ ਦਿਲ ਵਿੱਚ ਕੀ ਸੋਚ ਰਿਹਾ ਹੈਂ? ਉਸ ਨੇ ਝੂਠ ਬੋਲਿਆ ਅਤੇ ਕਹਿਣ ਲੱਗਾ ਕਿ ਮੈਂ **ਅੱਲਾਹ ਦਾ ਜ਼ਿਕਰ** ਕਰ ਰਿਹਾ ਹਾਂ। ਇਸ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੁਸਕੁਰਾਏ ਅਤੇ ਫ਼ਰਮਾਇਆ ਕਿ ਅੱਲਾਹ ਤੋਂ **ਅਸਤਗ਼ਫ਼ਾਰ** ਕਰ, ਜੋ ਤੂੰ ਕਹਿ ਰਿਹਾ ਹੈ ਉਹ ਤੂੰ ਨਹੀਂ ਕਰ ਰਿਹਾ। ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕ਼ਰੀਬ ਆਏ ਅਤੇ ਉਸ ਦੇ ਸੀਨੇ 'ਤੇ ਹੱਥ ਰੱਖਿਆ। ਫ਼ੁਜ਼ਾਲਾ ਬਿਆਨ ਕਰਦੇ ਹਨ ਕਿ **ਰੱਬ ਦੀ ਸਹੁੰ!** ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੇਰੇ ਸੀਨੇ 'ਤੋਂ ਹੱਥ ਨਹੀਂ ਚੁੱਕਿਆ ਸੀ ਕਿ ਦੁਨੀਆ ਵਿੱਚੋਂ ਸਭ ਤੋਂ ਜ਼ਿਆਦਾ **ਮਹਿਬੂਬ** ਮੈਨੂੰ **ਮੁਹੰਮਦ** (ਸੱਲ-ਲੱਲਾਹੁ ਅਲੈਹਿ-ਵਸੱਲਮ) ਹੀ ਲੱਗਣ ਲੱਗੇ। ਉਹ ਆਪਣੇ ਘਰ ਵਾਲ਼ਿਆਂ ਵੱਲ ਵਾਪਸ ਪਰਤ ਆਏ ਅਤੇ ਉਨ੍ਹਾਂ ਦੀ **ਕਾਇਆ ਪਲਟ ਗਈ**।

ਇਹਨਾਂ ਹੀ ਦਿਨਾਂ ਵਿੱਚ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੇ ਵਾਲਿਦ ਸਾਹਿਬ ਦੇ ਇਸਲਾਮ ਕ਼ਬੂਲ ਕਰਨ ਦੇ ਵਾਕ਼ੇ ਦਾ ਜ਼ਿਕਰ ਵੀ ਮਿਲ਼ਦਾ ਹੈ।

ਇੱਕ ਜ਼ਿਕਰ ਹਜ਼ਰਤ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਦੇ ਘਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖਾਣਾ ਖਾਣ ਦਾ ਮਿਲ਼ਦਾ ਹੈ। ਹਜ਼ਰਤ ਇਬਨਿ ਅੱਬਾਸ ਰਜ਼ਿ ਅੱਲਾਹੁ ਅਨਹੁਮਾ ਤੋਂ ਰਿਵਾਇਤ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਤਹਿ ਮੱਕਾ ਦੇ ਦਿਨ ਹਜ਼ਰਤ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਨੂੰ ਫ਼ਰਮਾਇਆ ਕਿ ਤੁਹਾਡੇ ਕੋਲ਼ ਖਾਣਾ ਹੈ, ਜਿਸ ਨੂੰ ਅਸੀਂ ਖਾਈਏ? ਉਨ੍ਹਾਂ ਨੇ ਅਰਜ਼ ਕੀਤੀ ਕਿ **ਸੁੱਕੀ ਹੋਈ ਰੋਟੀ ਦੇ ਟੁਕੜਿਆਂ** ਦੇ ਇਲਾਵਾ ਕੁੱਝ ਨਹੀਂ ਅਤੇ ਮੈਨੂੰ ਸ਼ਰਮ ਆਉਂਦੀ ਹੈ ਕਿ ਮੈਂ ਉਨ੍ਹਾਂ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਪੇਸ਼ ਕਰਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹੀ ਲੈ ਆਓ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਪਾਣੀ ਵਿੱਚ ਭਿਉਂਇਆ, ਉਹ ਨਾਲ਼ ਨਮਕ ਲੈ ਆਈ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੀ **ਸ਼ੋਰਬਾ** ਹੈ ਕੋਈ?

ਉਨ੍ਹਾਂ ਨੇ ਕਿਹਾ ਕਿ ਯਾ ਰਸੂਲੁੱਲਾਹ! ਮੇਰੇ ਕੋਲ਼ **ਸਿਰਕੇ** ਦੇ ਇਲਾਵਾ ਕੁੱਝ ਨਹੀਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹ **ਸਿਰਕਾ** ਲੈ ਆਓ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਖਾਣੇ 'ਤੇ ਉਡੇਲਿਆ ਅਤੇ ਉਸ ਵਿੱਚੋਂ ਖਾਧਾ ਅਤੇ ਅੱਲਾਹ ਤਆਲਾ ਦਾ ਸ਼ੁਕਰ ਅਦਾ ਕੀਤਾ। ਫਿਰ ਫ਼ਰਮਾਇਆ ਕਿ **ਸਿਰਕਾ** ਬਹੁਤ ਹੀ ਵਧੀਆ **ਸਾਲਨ** ਹੈ। ਐ ਉੱਮਿ ਹਾਨੀ! ਜਿਸ ਘਰ ਵਿੱਚ **ਸਿਰਕਾ** ਮੌਜੂਦ ਹੋਵੇ ਉਹ ਗ਼ਰੀਬ ਨਹੀਂ ਹੁੰਦਾ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ **ਸ਼ੁਕਰ ਗੁਜ਼ਾਰੀ** ਦੀ ਵੀ ਇੰਤਿਹਾ ਹੈ ਅਤੇ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਦੀ **ਦਿਲਜੋਈ** ਵੀ ਕਰ ਦਿੱਤੀ। ਮੱਕਾ ਫ਼ਤਿਹ ਕਰਨ ਵਾਲੇ ਦਾ ਇਹ ਹਾਲ ਹੈ ਜਦਕਿ ਸਭ ਕੁੱਝ ਹਰ ਘਰ ਵਿੱਚੋਂ ਉਪਲਬਧ ਹੋ ਸਕਦਾ ਹੈ ਲੇਕਿਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਛੋਟੇ **ਸੁੱਕੇ ਰੋਟੀ ਦੇ ਟੁਕੜਿਆਂ** 'ਤੇ ਗੁਜ਼ਾਰਾ ਕੀਤਾ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਮੱਕੇ ਪਹੁੰਚਣ ਅਤੇ ਉੱਥੇ ਹਰ ਚੀਜ਼ ਅਤੇ ਖ਼ਾਸ ਤੌਰ 'ਤੇ ਖ਼ਾਨਿ ਕਾਅਬਾ ਨੂੰ ਮੁਹੱਬਤ ਨਾਲ਼ ਦੇਖਣ ਨਾਲ਼ ਅੰਸਾਰ ਦੇ ਦਿਲ ਵਿੱਚ ਅੰਦੇਸ਼ਾ ਪੈਦਾ ਹੋਇਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕਿਤੇ ਇੱਥੇ ਹੀ ਨਾ ਰਹਿ ਜਾਣ। ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਦ ਅੰਸਾਰ ਦੀ ਇਹ ਹਾਲਤ ਸੀ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਇਸ ਦੌਰਾਨ ਵਿੱਚ **ਵਹੀ** ਨਾਜ਼ਿਲ ਹੋਈ ਅਤੇ ਜਦ **ਵਹੀ** ਖ਼ਤਮ ਹੋਈ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ **ਐ ਅੰਸਾਰ ਦੇ ਗਿਰੋਹ!** ਤੁਸੀਂ ਇਹ ਸੋਚ ਰਹੇ ਹੋ ਕਿ ਇਸ ਸ਼ਖ਼ਸ 'ਤੇ ਵਤਨ ਦੀ ਮੁਹੱਬਤ ਗ਼ਾਲਿਬ ਆ ਗਈ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹਾ ਨਹੀਂ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਜੇਕਰ ਅਜਿਹਾ ਹੋਇਆ ਹੈ ਤਾਂ ਮੇਰਾ ਨਾਮ ਕੀ ਹੋਵੇਗਾ? ਮੈਂ **ਮੁਹੰਮਦ** ਹਾਂ **ਅੱਲਾਹ ਦਾ ਬੰਦਾ** ਅਤੇ ਉਸਦਾ **ਰਸੂਲ** ਹਾਂ। ਮੈਂ ਅੱਲਾਹ ਦੀ ਖ਼ਾਤਿਰ ਤੁਹਾਡੇ ਵੱਲ ਹਿਜਰਤ ਕੀਤੀ ਸੀ, **ਹੁਣ ਮੇਰਾ ਜੀਣਾ ਮਰਨਾ ਤੁਹਾਡੇ ਨਾਲ਼ ਹੀ ਹੈ**। ਇਸ 'ਤੇ ਉਹ ਬੇ ਇਖ਼ਤਿਆਰ ਰੋਂਦੇ ਹੋਏ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵੱਲ ਵਧੇ ਤੇ ਕਹਿਣ ਲੱਗੇ ਕਿ ਅੱਲਾਹ ਦੀ ਕ਼ਸਮ! ਅਸੀਂ ਜੋ ਵੀ ਕਿਹਾ ਉਹ ਅੱਲਾਹ ਤੇ ਉਸਦੇ ਰਸੂਲ ਦੀ ਸ਼ਦੀਦ ਮੁਹੱਬਤ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਜੁਦਾਈ ਦੇ ਡਰ ਦੀ ਵਜ੍ਹਾ ਨਾਲ਼ ਕਿਹਾ ਸੀ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਯਕ਼ੀਨਨ ਅੱਲਾਹ ਅਤੇ ਉਸਦਾ ਰਸੂਲ ਤੁਹਾਡੀ ਇਸ ਗੱਲ ਦੀ ਤਸਦੀਕ਼ ਕਰਦੇ ਹਨ ਅਤੇ ਤੁਹਾਡਾ ਉਜ਼ਰ ਕ਼ਬੂਲ ਕਰਦੇ ਹਨ।

ਜਦ ਨਮਾਜ਼ਿ ਜ਼ੁਹਰ ਦਾ ਵੇਲ਼ਾ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਹੁਕਮ ਦਿੱਤਾ ਤਾਂ ਉਨ੍ਹਾਂ ਨੇ ਖ਼ਾਨਿ ਕਾਅਬਾ ਦੀ **ਛੱਤ 'ਤੇ ਚੜ੍ਹ ਕੇ** ਅਜ਼ਾਨ ਦਿੱਤੀ। ਰਿਵਾਇਤ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਦਿਨ ਸਾਰੀਆਂ ਨਮਾਜ਼ਾਂ ਇੱਕ ਹੀ **ਵਜ਼ੂ** ਨਾਲ਼ ਅਦਾ ਕੀਤੀਆਂ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅੱਜ ਉਹ ਕੀਤਾ ਹੈ ਜੋ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਹੀਂ ਕਰਿਆ ਕਰਦੇ, ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਮਰ! ਮੈਂ **ਜਾਣ ਬੁੱਝ** ਕੇ ਅਜਿਹਾ ਕੀਤਾ ਹੈ। ਉਲਮਾ ਨੇ ਇਸ ਤੋਂ ਦਲੀਲ ਲਈ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜ਼ਰੂਰਤ ਦੇ ਵੇਲੇ ਅਜਿਹਾ ਕਰਨ ਦੀ ਸਹੂਲਤ ਦੀ ਖ਼ਾਤਿਰ ਇਹ ਨਮੂਨਾ ਦਿਖਾਇਆ ਸੀ।

ਇਸ ਦੌਰਾਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਆਮ ਬੈਅਤ** ਵੀ ਲਈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਕੋਲੋਂ ਅੱਲਾਹ ਤਆਲਾ 'ਤੇ ਇਮਾਨ ਅਤੇ ਇਸ ਸ਼ਹਾਦਤ 'ਤੇ ਬੈਅਤ ਲਈ ਕਿ ਅੱਲਾਹ ਤਆਲਾ ਦੇ ਇਲਾਵਾ ਕੋਈ ਇਬਾਦਤ ਦੇ ਲਾਇਕ਼ ਨਹੀਂ ਅਤੇ **ਮੁਹੰਮਦ** ਉਸਦੇ **ਬੰਦੇ** ਅਤੇ **ਰਸੂਲ** ਹਨ। ਜਦ ਮਰਦਾਂ ਦੀ ਬੈਅਤ ਤੋਂ ਵਿਹਲੇ ਹੋਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਔਰਤਾਂ ਦੀ ਬੈਅਤ ਲਈ। ਉਨ੍ਹਾਂ ਔਰਤਾਂ ਵਿੱਚ ਅਬੂ ਸੁਫ਼ਯਾਨ ਦੀ ਬੀਵੀ ਹਿੰਦ ਵੀ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਉਹ ਮੁਜਰਿਮ ਜਿਨ੍ਹਾਂ ਦੇ ਕ਼ਤਲ ਦਾ ਹੁਕਮ ਦੇ ਦਿੱਤਾ ਗਿਆ ਸੀ, ਉਨ੍ਹਾਂ ਦੇ ਬਾਰੇ ਲਿਖਿਆ ਹੈ, ਤਫ਼ਸੀਲ ਬਿਆਨ ਕਰਦਾ ਹਾਂ, ਭਾਵੇਂ ਕਿ ਇਸ ਬਾਰੇ ਲੋਕਾਂ ਦੇ ਵੀ ਕੁੱਝ ਸ਼ੱਕ ਹਨ ਅਤੇ ਵਾਕ਼ਿਆਤ ਵੀ ਇਹੀ ਦੱਸਦੇ ਹਨ, ਕਿਉਂਕਿ ਜਿਨ੍ਹਾਂ ਕਾਰਨਾਂ ਦੀ ਬੁਨਿਆਦ 'ਤੇ ਕ਼ਤਲ ਦੇ ਹੁਕਮ ਦੇ ਬਾਰੇ ਵਿੱਚ ਬਿਆਨ ਕੀਤਾ ਗਿਆ ਹੈ, ਇਹ ਸਾਫ਼ ਤੌਰ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਮਲ ਅਤੇ ਤਬੀਅਤ ਦੇ ਖ਼ਿਲਾਫ਼ ਹੈ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇਸ ਹਵਾਲੇ ਨਾਲ਼ ਆਪਣੀ ਜੋ ਰਾਏ ਲਿਖੀ ਹੈ ਉਹ ਇਹ ਹੈ ਕਿ ਸਿਰਫ਼ ਗਿਆਰਾਂ (11) ਮਰਦ ਅਤੇ ਚਾਰ (04) ਔਰਤਾਂ ਅਜਿਹੀਆਂ ਸਨ ਜਿਨ੍ਹਾਂ ਦੇ ਬਾਰੇ ਸ਼ਦੀਦ ਜ਼ਾਲਿਮਾਨਾ ਕ਼ਤਲ ਅਤੇ ਫ਼ਸਾਦ ਸਾਬਿਤ ਸਨ। ਉਹ ਭਾਵੇਂ

ਜੰਗੀ ਮੁਜਰਿਮ ਸਨ ਅਤੇ ਉਨ੍ਹਾਂ ਦੇ ਬਾਰੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਹੁਕਮ ਸੀ ਕਿ ਕ਼ਤਲ ਕਰ ਦਿੱਤੇ ਜਾਣ ਕਿਉਂਕਿ ਉਹ ਸਿਰਫ਼ ਕੁਫ਼ਰ ਅਤੇ ਲੜਾਈ ਦੇ ਮੁਜਰਿਮ ਨਹੀਂ ਸਨ ਬਲਕਿ ਜੰਗੀ ਮੁਜਰਿਮ ਸਨ। ਪਰ ਉਨ੍ਹਾਂ ਵਿੱਚੋਂ ਅਕਸਰ ਨੂੰ ਮੁਸਲਮਾਨਾਂ ਦੀ ਸਿਫਾਰਿਸ਼ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਛੱਡ ਦਿੱਤਾ।

ਇਸ ਹਵਾਲੇ ਨਾਲ਼ ਤਫ਼ਸੀਲਾਂ ਅਤੇ ਉਨ੍ਹਾਂ ਦਾ ਰੱਦ ਪੇਸ਼ ਕਰਨ ਦੇ ਬਾਅਦ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਵਿੱਚ ਸ਼ੱਕ ਨਹੀਂ ਕਿ ਕੁੱਝ ਕ਼ੁਰੈਸ਼ ਦੇ ਸਰਦਾਰ, ਜਿਹੜੇ ਇਸਲਾਮ ਦੇ ਵਿਰੋਧੀਆਂ ਦੇ ਆਗੂ ਸਨ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਤਸ਼ਰੀਫ਼ ਆਵਰੀ** ਦੀ ਖ਼ਬਰ ਸੁਣ ਕੇ ਮੱਕੇ 'ਚੋਂ ਭੱਜ ਗਏ। ਪਰ ਇਹ ਸਿਰਫ਼ ਇਬਨਿ ਇਸਹਾਕ਼ ਦਾ ਖ਼ਿਆਲ ਹੈ ਕਿ ਉਹ ਇਸ ਵਜ੍ਹਾ ਕਰਕੇ ਭੱਜ ਗਏ ਸਨ ਕਿ ਉਨ੍ਹਾਂ ਦੇ ਕ਼ਤਲ ਦਾ ਹੁਕਮ ਦਿੱਤਾ ਗਿਆ ਸੀ। ਫ਼ਤਹਿ ਮੱਕਾ ਦੇ ਵੇਲੇ਼ ਸਿਰਫ਼ ਕੁੱਝ ਲੋਕਾਂ ਦੇ ਕ਼ਤਲ ਹੋਣ ਦਾ ਫੈਸਲਾ ਹੋਇਆ ਅਤੇ ਉਹ ਉਹੀ ਸਨ ਜਿਨ੍ਹਾਂ ਦੇ ਬਾਰੇ ਹਕਮ ਅਤੇ ਅਦਲ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਸਿਰਫ਼ ਉਨ੍ਹਾਂ ਕੁੱਝ ਲੋਕਾਂ ਨੂੰ ਸਜ਼ਾ ਦਿੱਤੀ ਜਿਨ੍ਹਾਂ ਨੂੰ ਸਜ਼ਾ ਦੇਣ ਦੇ ਲਈ ਅੱਲਾਹ ਤਆਲਾ ਵੱਲੋਂ ਕ਼ਤਈ ਹੁਕਮ ਵਾਰਿਦ ਹੋ ਚੁੱਕਿਆ ਸੀ। ਅਤੇ ਉਨ੍ਹਾਂ **ਲਾਨ੍ਹਤੀਆਂ** ਦੇ ਇਲਾਵਾ ਹਰੇਕ ਦੁਸ਼ਮਣ ਦਾ ਗੁਨਾਹ ਬਖ਼ਸ਼ ਦਿੱਤਾ ਗਿਆ। ਤਾਂ ਇਹ ਹੈ ਇਸ ਦੀ **ਹਕ਼ੀਕ਼ਤ**। ਇਸ ਲਈ ਇਹ ਕਹਿਣਾ ਕਿ ਇੰਨੇ ਆਦਮੀ ਕ਼ਤਲ ਕੀਤੇ ਗਏ ਸਨ, **ਗੁਸਤਾਖ਼** ਸਨ, **ਤੌਹੀਨਿ ਰਸਾਲਤ**, ਸੀ ਇਹ ਸਭ ਗ਼ਲਤ ਗੱਲਾਂ ਹਨ।

ਬਾਕ਼ੀ ਇੰਨਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ **ਦੁਨਿਆ ਦੇ ਹਾਲਾਤ** ਤਾਂ ਆਪ ਲੋਕਾਂ ਤੇ ਸਪਸ਼ਟ ਹਨ, **ਦੁਆਵਾਂ** ਕਰਦੇ ਰਹੋ, ਇਸ ਦੇ ਲਈ ਪਹਿਲਾਂ ਵੀ ਮੈਂ ਕਈ ਵਾਰ ਕਹਿ ਚੁੱਕਿਆ ਹਾਂ, ਕਹਿੰਦਾ ਰਹਿੰਦਾ ਹਾਂ ਕਿ ਅਚਾਨਕ ਹਾਲਾਤਾਂ ਦੇ ਲਈ ਲੋਕਾਂ ਨੂੰ **ਕੁੱਝ ਮਹੀਨਿਆਂ ਦਾ ਰਾਸ਼ਨ** ਘਰਾਂ ਵਿੱਚ ਰੱਖਣਾ ਚਾਹੀਦਾ ਹੈ, ਜਿਹੜੇ ਰੱਖ ਸਕਦੇ ਹਨ। ਹੁਣ ਤਾਂ ਕੁੱਝ ਹਕੂਮਤਾਂ ਨੇ ਵੀ ਆਪਣੇ ਲੋਕਾਂ ਨੂੰ ਕਿਹਾ ਹੈ ਕਿ ਤਿੰਨ ਮਹੀਨੇ ਦਾ ਰਾਸ਼ਨ ਰੱਖੋ। ਅੱਲਾਹ ਤਆਲਾ ਬਹਰਹਾਲ ਦੁਨਿਆ 'ਤੇ ਰਹਿਮ ਕਰੇ ਅਤੇ ਜੰਗ ਦੇ **ਖ਼ਤਰਨਾਕ ਖ਼ੌਫ਼ਨਾਕ** ਹਾਲਾਤਾਂ ਤੋਂ ਬਚਾਏ।

ਖ਼ੁਤਬਾ ਜੁਮਆ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਅਮਤੁੰਨ ਨਸੀਰ ਨਿਗਹਤ ਸਾਹਿਬਾ ਐਹਲਿਆ ਰਾਜਾ ਅਬਦੁਲ ਮਾਲਿਕ ਸਾਹਿਬ, ਜੋ ਹਜ਼ਰਤ ਮਿਰਜ਼ਾ ਸ਼ਰੀਫ਼ ਅਹਮਦ ਸਾਹਿਬ ਦੀ ਪੋਤੀ, ਹਜ਼ਰਤ ਨਵਾਬ ਅਮਤੁਲ ਹਫ਼ੀਜ਼ ਬੇਗਮ ਸਾਹਿਬਾ ਦੀ ਨਵਾਸੀ, ਅਤੇ ਕਰਨਲ ਮਿਰਜ਼ਾ ਦਾਊਦ ਅਹਮਦ ਸਾਹਿਬ ਦੀ ਬੇਟੀ ਸਨ, ਉਨ੍ਹਾਂ ਦਾ ਅਤੇ ਮੁਕੱਰਮ ਅਲਹਾਜ ਯਾਅਕੂਬ ਐਹਮਦ ਬਿਨ ਅਬੂ ਬਕਰ ਸਾਹਿਬ ਅਹਮਦੀਆ ਸਾਬਿਕ਼ ਹੈੱਡਮਾਸਟਰ ਸੀਨੀਅਰ ਸਕੂਲ ਅਤੇ ਨੈਸ਼ਨਲ ਸੈਕਰੇਟਰੀ ਤਬਲੀਗ਼ ਗਾਨਾ ਦਾ ਜ਼ਿਕਰਿ ਖ਼ੈਰ ਕੀਤਾ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞